202375/66
30/5/2023

ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ/ਅੱਠਵੀਂ ਸ਼ਾਖਾ।

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਸੈਕ:ਸਿ:)

ਸਕੂਲ ਸਿੱਖਿਆ ਵਿਭਾਗ,ਪੰਜਾਬ।

ਨੰ: ਪਸਸਬ-ਸ:ਸ:ਪੰ:/ਅੱ:/2023/ 406 ਮਿਤੀ:-29.05.2023

ਵਿਸ਼ਾ:- ਅੱਠਵੀਂ ਸ਼੍ਰੇਣੀ 2023 ਦੀ ਸਪਲੀਮੈਂਟਰੀ ਪ੍ਰੀਖਿਆ ਕਰਵਾਉਣ ਸਬੰਧੀ।

ਅੱਠਵੀਂ ਸ਼੍ਰੇਣੀ ਦਾ ਨਤੀਜਾ ਮਿਤੀ 28.4.2023 ਨੂੰ ਘੋਸ਼ਿਤ ਹੋ ਚੁੱਕਾ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਵੀਂ/ਅੱਠਵੀਂ ਸ਼੍ਰੇਣੀ ਦੀ ਸਪਲੀਮੈਂਟਰੀ ਪ੍ਰੀਖਿਆ ਦੋ ਮਹੀਨੇ ਦੇ ਅੰਦਰ ਅੰਦਰ ਕਰਵਾਈ ਜਾਣੀ ਹੈ। ਅੱਠਵੀਂ ਸ਼੍ਰੇਣੀ ਦੇ ਰੀਅਪੀਅਰ ਪ੍ਰੀਖਿਆਰਥੀਆਂ ਦੇ ਆਨਲਾਈਨ ਪ੍ਰੀਖਿਆ ਫਾਰਮ ਭਰਨ ਲਈ ਆਖਰੀ ਮਿਤੀ 25-05-2023 ਸੀ ਅਤੇ ਹੁਣ ਫੀਸ 950 + 200 ਰੁਪਏ ਜੁਰਮਾਨਾ ਫੀਸ ਨਾਲ ਮਿਤੀ 09-06-2023 ਤੱਕ ਵਾਧਾ ਕੀਤਾ ਜਾਂਦਾ ਹੈ ਅਤੇ ਇਹ ਸੂਚਨਾ ਸਕੂਲ ਲਾਗਇੰਨ ਤੇ ਅੱਪਲੋਡ ਕੀਤੀ ਜਾ ਚੁੱਕੀ ਹੈ।

2 ਜਿਲ੍ਹਾ ਸਿੱਖਿਆ ਅਫਸਰ ਆਪਣੇ ਅਧੀਨ ਸਕੂਲ ਮੁੱਖੀਆਂ ਨੂੰ ਹਦਾਇਤ ਦੀ ਖੇਚਲ ਕਰਨ ਕਿ ਨਾਲ ਨੱਥੀ ਰੀਅਪੀਅਰ ਪ੍ਰੀਖਿਆਰਥੀਆਂ ਦੀ ਸੂਚੀ ਦੇ ਪ੍ਰੀਖਿਆ ਫਾਰਮ ਅਤੇ ਫੀਸ ਭਰਨ ਦਾ ਕੰਮ ਮਿਤੀ 09.06.2023 ਤੱਕ ਹਰ ਹਾਲਤ ਵਿੱਚ ਨਿਪਟਾਉਣ ਤਾਂ ਜੋ ਕੋਈ ਵੀ ਰੀਅਪੀਅਰ ਵਾਲਾ ਪ੍ਰੀਖਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਸਕੇ।

3 ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਾਫੀ ਸਕੂਲਾਂ/ਪ੍ਰੀਖਿਆਰਥੀਆਂ ਵੱਲੋਂ ਰੀਅਪੀਅਰ ਦੇ ਫਾਰਮ ਆਨਲਾਈਨ ਨਹੀਂ ਭਰੇ ਗਏ।

4 ਇਸ ਯਾਦ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਪ੍ਰੀਖਿਅਰਥੀ ਦਾ ਪ੍ਰੀਖਿਆ ਫਾਰਮ ਸਮੇਤ ਪ੍ਰੀਖਿਆ ਫੀਸ ਅੱਪਲੋਡ ਨਹੀਂ ਹੁੰਦਾ ਤਾਂ ਇਸਦੀ ਜਿੰਮੇਵਾਰੀ ਸਬੰਧਿਤ ਅਮਲੇ ਅਤੇ ਪ੍ਰੀਖਿਆਰਥੀ ਦੀ ਹੋਵੇਗੀ। ਮਿੱਥੀ ਮਿਤੀ ਤੋਂ ਬਾਅਦ ਸਪਲੀਮੈਂਟਰੀ ਪ੍ਰੀਖਿਆ ਫਾਰਮ ਭਰਨ ਦੀ ਮਿਤੀ ਵਿੱਚ ਹੋਰ ਵਾਧਾ ਨਹੀ ਕੀਤਾ ਜਾਵੇਗਾ।

ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਚਰਨਵੀਰ ਕੌਰ 29/5/23
ਸਹਾਇਕ ਸਕੱਤਰ(ਪੰਜਵੀਂ/ਅੱਠਵੀਂ)

ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਫਰੀਦਕੋਟ
ਪਿੱਠ ਅੰਕਣ ਨੰ. ਸ-7/1 ( ) 2023/637 ਮਿਤੀ 07/06/2023
ਇਸ ਪੱਤਰ ਦਾ ਉਤਾਰਾ ਜਿਲਾ ਫਰੀਦਕੋਟ ਦੇ ਸਰਕਾਰੀ/ਪ੍ਰਾਈਵੇਟ ਸਕੂਲਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Scanned with OKEN Scanner

ਜ਼ਿ. ਸਿ. ਅ (ਸੈ.ਸਿ)
ਫਰੀਦਕੋਟ